ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੇ ਡਾਉਨਟਾਉਨ ਬ੍ਰੈਂਪਟਨ ਫਲੱਡ ਪ੍ਰੋਟੈਕਸ਼ਨ ਪ੍ਰੋਜੈਕਟ ਵਾਸਤੇ ਵੱਡੀ ਫੈਡਰਲ ਫੰਡਿੰਗ ਸੁਰੱਖਿਅਤ ਕੀਤੀ

*ਕੈਨੇਡਾ ਸਰਕਾਰ ਨੇ ਪ੍ਰੋਜੈਕਟ ਵਾਸਤੇ 38 ਮਿਲੀਅਨ ਡਾਲਰ ਤੋਂ ਵੱਧ ਪ੍ਰਵਾਨ ਕੀਤੇ*

ਬ੍ਰੈਂਪਟਨ, ਓਨਟੈਰੀਓ (18 ਨਵੰਬਰ, 2020) – ਅੱਜ, ਮਿਨਿਸਟਰ ਆਫ ਇੰਫਰਾਸਟ੍ਰਕਚਰ ਐਂਡ ਕਮਿਉਨਿਟੀਜ, ਸਨਮਾਨਯੋਗ ਕੈਥਰੀਨ ਮਕੈਨਾ (Catherine McKenna) ਅਤੇ ਸੰਯੁਕਤ ਖੇਤਰ ਦੇ ਐਮ.ਪੀ. (MP) ਅਤੇ ਸਿਟੀ ਕਾਉਂਸਿਲ ਦੇ ਮੈਂਬਰਾਂ ਨੇ ਐਲਾਨ ਕੀਤਾ ਕਿ ਸਿਟੀ ਆਫ ਬ੍ਰੈਂਪਟਨ ਨੂੰ, ਡਾਉਨਟਾਉਨ ਬ੍ਰੈਂਪਟਨ ਵਿੱਚ ਹੜ੍ਹ ਨੂੰ ਦੂਰ ਕਰਨ ਵਾਸਤੇ, 38 ਮਿਲੀਅਨ ਡਾਲਰ ਤੋਂ ਵੱਧ ਫੰਡਿੰਗ ਮਿਲੇਗੀ, ਜੋ ਸਿਟੀ ਨੂੰ ਇਸਦੇ ਰਿਵਰਵਾਕ (Riverwalk) ਪ੍ਰੋਜੈਕਟ ਨੂੰ ਅਮਲੀ ਰੂਪ ਦੇਣ ਵਿੱਚ, ਇੱਕ ਕਦਮ ਅੱਗੇ ਵਧਾਵੇਗੀ।

ਸਿਟੀ ਦੀ, *ਡਾਉਨਟਾਉਨ ਬ੍ਰੈਂਪਟਨ ਫਲੱਡ ਪ੍ਰੋਟੈਕਸ਼ਨ ਪ੍ਰੋਜੈਕਟ (Downtown Brampton Flood Protection Project)* ਦੀ ਅਰਜ਼ੀ ਨੂੰ, ਕੈਨੇਡਾ ਸਰਕਾਰ ਵੱਲੋਂ ਪ੍ਰਵਾਨ ਕੀਤਾ ਗਿਆ ਹੈ। ਇਹ ਪ੍ਰਵਾਨਗੀ, ਡਿਜਾਸਟਰ ਮਿਟੀਗੇਸ਼ਨ ਐਂਡ ਅਡਾਪਟੇਸ਼ਨ ਫੰਡ (ਡੀ.ਐਮ.ਏ.ਐਫ.) (Disaster Mitigation and Adaptation Fund) (DMAF) ਦੇ ਨਿਯਮਾਂ ਅਤੇ ਸ਼ਰਤਾਂ ਹੇਠ, ਪ੍ਰੋਜੈਕਟ ਦੀ ਸਫਲ ਸਮੀਖਿਆ ਤੋਂ ਬਾਅਦ ਦਿੱਤੀ ਗਈ ਹੈ।

ਇਸ ਪ੍ਰੋਜੈਕਟ ਦਾ ਮੁੱਖ ਉਦੇਸ਼, ਪੂਰੇ ਡਾਉਨਟਾਉਨ ਬ੍ਰੈਂਪਟਨ ਵਿੱਚ 600 ਮੀਟਰ ਠੋਸ ਚੈਨਲ ਦਾ ਵਿਸਤਾਰ ਕਰਨਾ, ਪੁਲਾਂ ਨੂੰ ਬਦਲਣਾ ਅਤੇ ਸੜਕ ਮਾਰਗਾਂ ਨੂੰ ਵਧਾਉਣਾ ਹੈ। ਏਟੋਬੀਕੋ ਕ੍ਰੀਕ (Etobicoke Creek) ਦੇ ਸਮਰੱਥਾ ਪੱਧਰਾਂ ਨੂੰ ਵਧਾਉਣ ਵਾਸਤੇ, ਮੌਜੂਦਾ ਚੈਨਲ ਦਾ ਵਿਸਤਾਰ ਅਤੇ ਇਸਨੂੰ ਡੂੰਘਾ ਕੀਤਾ ਜਾਵੇਗਾ, ਜਿਸਨੂੰ 1952 ਵਿੱਚ ਬਣਾਇਆ ਗਿਆ ਸੀ। ਪ੍ਰੋਜੈਕਟ ਖੇਤਰ ਵਿਚਲੇ ਪੁਲਾਂ ਨੂੰ, ਵੱਡੇ ਵਿਸਤਾਰ ਵਾਲੇ ਸਟ੍ਰਕਚਰਾਂ ਅਤੇ ਵੱਧ ਉੱਚੇ ਸੜਕ ਮਾਰਗਾਂ ਨਾਲ ਬਦਲਿਆ ਜਾਵੇਗਾ।

ਡੀ.ਐਮ.ਏ.ਐਫ. (DMAF) ਤੋਂ ਪ੍ਰੋਜੈਕਟ ਦੀ ਫੈਡਰਲ ਫੰਡਿੰਗ, ਅਧਿਕਤਮ ਫੈਡਰਲ ਯੋਗਦਾਨ 38,852,397 ਡਾਲਰ ਲਈ, ਕੁੱਲ ਯੋਗ ਪ੍ਰੋਜੈਕਟ ਲਾਗਤਾਂ ਦਾ 40 ਪ੍ਰਤੀਸ਼ਤ ਤੱਕ ਹੋਵੇਗੀ।

ਰਿਵਰਵਾਕ ਇੱਕ ਪਰਿਵਰਤਨਕਾਰੀ ਪਹਿਲਕਦਮੀ ਹੈ, ਜੋ ਡਾਉਨਟਾਉਨ ਬ੍ਰੈਂਪਟਨ ਵਿੱਚ ਆਰਥਿਕ ਸੰਭਾਵਨਾ ਖੋਲ੍ਹਣ ਵਿੱਚ ਮਦਦ ਕਰੇਗੀ। ਸਤੰਬਰ 2020 ਵਿੱਚ, ਮਿਨਿਸਟਰੀ ਆਫ ਦ ਐਨਵਾਇਰਨਮੈਂਟ, ਕਨਜਰਵੇਸ਼ਨ ਐਂਡ ਪਾਰਕਸ (Ministry of the Environment, Conservation and Parks) ਨੇ ਡਾਉਨਟਾਉਨ ਬ੍ਰੈਂਪਟਨ ਫਲੱਡ ਪ੍ਰੋਟੈਕਸ਼ਨ ਐਨਵਾਇਰਨਮੈਂਟ ਅਸੈਸਮੈਂਟ (Downtown Brampton Flood Protection Environment Assessment) ਲਈ ਪ੍ਰਵਾਨਗੀ ਦਿੱਤੀ ਸੀ, ਜਿਸਨੇ ਖੇਤਰ ਵਿੱਚ ਹੜ੍ਹ ਦੇ ਮੌਜੂਦਾ ਜੋਖਮ ਨੂੰ ਘਟਾਉਣ ਅਤੇ ਇਸ ਵੇਲੇ ਸੂਬਾਈ ਯੋਜਨਾਬੰਦੀ ਤੇ ਲੱਗੀਆਂ ਪਾਬੰਦੀਆਂ ਤੇ ਧਿਆਨ ਦੇਣ ਵਿੱਚ ਮਦਦ ਲਈ, ਵਿਵਹਾਰਕ ਹੱਲ ਦੀ ਪਛਾਣ ਕੀਤੀ।

ਇਸ ਵੇਲੇ ਰਿਵਰਵਾਕ ਲਈ ਕੰਪਲੀਮੈਂਟਰੀ ਖੁੱਲ੍ਹੀ ਥਾਂ (ਓਪਨ ਸਪੇਸ) ਪਲਾਨ ਵੀ ਵਿਕਸਿਤ ਕੀਤਾ ਜਾ ਰਿਹਾ ਹੈ। ਰਿਵਰਵਾਕ ਏਰੀਆ ਅਰਬਨ ਡਿਜ਼ਾਈਨ ਮਾਸਟਰ ਪਲਾਨ (Riverwalk Area Urban Design Master Plan), ਇੱਕ ਖੁੱਲ੍ਹੀ ਥਾਂ ਦਾ ਮਾਸਟਰ ਪਲਾਨ ਹੈ, ਜੋ ਹੜ੍ਹ ਸਬੰਧੀ ਇੰਫਰਾਸਟ੍ਰਕਚਰ ਦੇ ਕਲਾਤਮਕ ਟ੍ਰੀਟਮੈਂਟ, ਵੈਲੀ ਦੇ ਨਾਲ-ਨਾਲ ਖੁੱਲ੍ਹੀ ਥਾਂ ਸਬੰਧੀ ਸਿਸਟਮ, ਕਿਰਿਆਸ਼ੀਲ ਟ੍ਰਾਂਸਪੋਰਟੇਸ਼ਨ ਨੈੱਟਵਰਕ ਦੇ ਏਕੀਕਰਨ, ਵਾਤਾਵਰਣ ਅਤੇ ਆਰਥਿਕ ਸਥਿਰਤਾ, ਜਨਤਕ ਸਿਹਤ ਦੇ ਮੁੱਦਿਆਂ ਅਤੇ ਪ੍ਰੋਗਰਾਮਿੰਗ, ਰਿਵਰਵਾਕ ਲਈ ਸਮੁੱਚੇ ਦ੍ਰਿਸ਼ਟੀਕੋਣ ਨੂੰ ਅਮਲੀ ਰੂਪ ਦੇਣ ਲਈ ਧਾਰਨਾਵਾਂ ਵਿਕਸਿਤ ਕਰੇਗਾ।

**ਰਿਵਰਵਾਕ ਬਾਰੇ**

ਡਾਉਨਟਾਉਨ ਬ੍ਰੈਂਪਟਨ, ਏਟੋਬੀਕੋ ਕ੍ਰੀਕ ਦੀ ਹੜ੍ਹ ਤੋਂ ਪ੍ਰਭਾਵਿਤ ਹੋਣ ਵਾਲੀ ਜ਼ਮੀਨ ਦੇ ਅੰਦਰ ਸਥਿਤ ਹੈ। ਖਤਰੇ ਸਬੰਧੀ ਪ੍ਰਬੰਧਨ ਲਈ ਸੂਬੇ ਦੀਆਂ ਨੀਤੀਆਂ ਨੇ ਹੁਣ ਤੱਕ, ਵਿਕਾਸ ਦੇ ਪ੍ਰਕਾਰ ਅਤੇ ਮਾਤਰਾ ਨੂੰ ਸੀਮਿਤ ਕੀਤਾ ਹੈ, ਜੋ ਅੱਜ ਉੱਥੇ ਹੋ ਸਕਦਾ ਹੈ। ਰਿਵਰਵਾਕ, ਹੜ੍ਹ ਦੇ ਜੋਖਮਾਂ ਨੂੰ ਦੂਰ ਕਰਨ ਅਤੇ ਇੱਕ ਨਵੀਂ,

ਖੁੱਲੀ ਸ਼ਹਿਰੀ ਥਾਂ ਬਣਾਉਣ ਲਈ ਦੋ-ਭਾਗਾਂ ਵਾਲਾ ਹੱਲ ਹੈ। ਇਹ ਬ੍ਰੈਂਪਟਨ ਦੇ ਡਾਉਨਟਾਉਨ ਨੂੰ ਦੁਬਾਰਾ ਸ਼ਕਤੀਸ਼ਾਲੀ ਬਣਾਉਣ ਅਤੇ ਇਸਨੂੰ ਸਥਿਰ, ਸਿਹਤਮੰਦ ਅਤੇ ਲਚਕੀਲਾ ਬਣਾਉਣ ਵਿੱਚ ਮਦਦ ਕਰੇਗਾ।

ਡਾਉਨਟਾਉਨ ਬ੍ਰੈਂਪਟਨ ਵਿੱਚ, ਹੜ੍ਹ ਦੇ ਮੌਜੂਦਾ ਜੋਖਮ ਨੂੰ ਦੂਰ ਕਰਨ ਅਤੇ ਯੋਜਨਾਬੰਦੀ ਅਤੇ ਵਿਕਾਸ ਤੇ ਪਾਬੰਦੀਆਂ ਲਗਾਉਣ ਨਾਲ, ਰਿਵਰਵਾਕ, ਦੁਬਾਰਾ ਬਣਾਏ ਗਏ ਏਟੋਬੀਕੋ ਕ੍ਰੀਕ ਤੋਂ ਲੈ ਕੇ ਖੇਤਰ ਤੱਕ ਵਿਸਤਾਰ ਕਰਦਾ ਹੈ। ਇਹ ਖੇਤਰ ਏਟੀਬੀਕੋ ਕ੍ਰੀਕ ਵੈਲੀ ਕੋਰੀਡੋਰ ਅਤੇ ਟ੍ਰੇਲ ਸਿਸਟਮ ਨਾਲ ਜੁੜੀਆਂ, ਪਬਲਿਕ ਥਾਵਾਂ ਅਤੇ ਪਾਰਕਾਂ ਨਾਲ ਘਿਰਿਆ ਹੋਇਆ ਹੈ। ਇਸ ਨਾਲ ਡਾਉਨਟਾਉਨ ਵਿੱਚ, 23,000 ਤੋਂ ਵੱਧ ਨੌਕਰੀਆਂ ਪੈਦਾ ਕਰਦੇ ਹੋਏ ਅਤੇ ਜੀ.ਡੀ.ਪੀ. (GDP) ਤੇ $1.4 ਬਿਲੀਅਨ ਦਾ ਅਸਰ ਪਾਉਂਦੇ ਹੋਏ, 3.6 ਮਿਲੀਅਨ ਵਰਗ ਫੁੱਟ ਦੀ ਰਿਹਾਇਸ਼ੀ, ਕਮਰਸ਼ਿਅਲ ਅਤੇ ਰਿਟੇਲ ਥਾਂ ਖੁੱਲਣ ਦੀ ਸੰਭਾਵਨਾ ਹੈ।

ਰਿਵਰਵਾਕ ਬਾਰੇ ਹੋਰ ਜਾਣਕਾਰੀ ਲਈ, www.brampton.ca/riverwalk ਤੇ ਜਾਓ।

**ਹਵਾਲੇ**

"ਬ੍ਰੈਂਪਟਨ ਸਿਟੀ ਕਾਉਂਸਿਲ, ਡਾਉਨਟਾਉਨ ਬ੍ਰੈਂਪਟਨ ਦੀ ਸਮਰੱਥਾ ਨੂੰ ਖੋਲਣ ਅਤੇ ਅਜਿਹਾ ਗ੍ਰੀਨ ਸਿਟੀ ਹੋਣ ਲਈ ਵਚਨਬੱਧ ਹੈ, ਜੋ ਮਜ਼ਬੂਤ, ਲਚਕੀਲਾ ਅਤੇ ਸਥਿਰ ਹੋਵੇ। ਇਹ ਕੈਨੇਡਾ ਸਰਕਾਰ ਵੱਲੋਂ, ਬੇਹੱਦ ਸੁਆਗਤੀ ਐਲਾਨ ਹੈ, ਕਿਉਂਕਿ ਇਹ ਨਾ ਸਿਰਫ਼ ਪਰਿਵਰਤਨਕਾਰੀ ਰਿਵਰਵਾਕ ਪ੍ਰੋਜੈਕਟ ਨੂੰ ਅਮਲੀ ਰੂਪ ਦੇਣ ਵਿੱਚ, ਸਾਨੂੰ ਇੱਕ ਕਦਮ ਅੱਗੇ ਵਧਾਵੇਗਾ, ਬਲਕਿ ਸਾਡੇ ਭਾਈਚਾਰੇ ਨੂੰ ਫਿਰ ਸ਼ਕਤੀਸ਼ਾਲੀ ਵੀ ਬਣਾਵੇਗਾ। ਨਾਲ ਹੀ, ਇਹ ਹੜ੍ਹ ਦੇ ਜੋਖਮ ਨੂੰ ਦੂਰ ਕਰਨ ਦੇ ਆਪਣੇ ਨਵੀਨਤਾਕਾਰੀ ਅਤੇ ਅਸਰਦਾਰ ਹੱਲ ਲਈ, ਵਿਕਾਸ ਅਤੇ ਨੌਕਰੀਆਂ ਪੈਦਾ ਕਰਨ ਅਤੇ ਸਾਰਿਆਂ ਦੇ ਅਨੰਦ ਮਾਨਣ ਵਾਸਤੇ ਪਬਲਿਕ ਥਾਂ ਵਿੱਚ ਸੁਧਾਰ ਕਰਨ ਲਈ, ਬ੍ਰੈਂਪਟਨ ਨੂੰ ਪ੍ਰਸਿੱਧੀ ਦੇਵੇਗਾ।"

- *ਪੈਟਰਿਕ ਬ੍ਰਾਊਨ* (Patrick Brown), *ਮੇਅਰ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਮੌਕਿਆਂ ਦਾ ਸ਼ਹਿਰ ਹੈ, ਜੋ ਜੋਸ਼ੀਲੇ ਅਤੇ ਵਿਕਾਸਸ਼ੀਲ ਡਾਉਨਟਾਉਨ ਦੇ ਨਾਲ, ਰਚਨਤਾਮਕ, ਨਵੀਨਤਾਕਾਰੀ ਅਤੇ ਉੱਦਮ ਸਬੰਧੀ ਵਾਤਾਵਰਣ ਦੀ ਹਿਮਾਇਤ ਕਰਨ ਲਈ ਵਚਨਬੱਧ ਹੈ। ਹੜ੍ਹ ਸਬੰਧੀ ਜੋਖਮ, ਦਹਾਕਿਆਂ ਤੋਂ ਬ੍ਰੈਂਪਟਨ ਵਿੱਚ ਵਿਕਾਸ ਅਤੇ ਵਾਧੇ ਦੀ ਰੁਕਾਵਟ ਬਣਿਆ ਹੋਇਆ ਹੈ, ਜਿਸ ਉੱਤੇ ਜਦੋਂ ਸਿਟੀ ਦੇ ਹੜ੍ਹ ਦੀ ਰੋਕਥਾਮ ਸਬੰਧੀ ਪ੍ਰੋਜੈਕਟ ਦੁਆਰਾ ਧਿਆਨ ਦਿੱਤਾ ਗਿਆ, ਤਾਂ ਇਸ ਨਾਲ ਸਿਟੀ ਰਿਵਰਵਾਕ ਅਤੇ ਅਜਿਹੀਆਂ ਥਾਵਾਂ ਬਣਾ ਕੇ ਅੱਗੇ ਵਧਣ ਵਿੱਚ ਸਮਰੱਥ ਹੋਵੇਗੀ, ਜਿਸਦਾ ਨਿਵਾਸੀ ਅਤੇ ਆਉਣ ਵਾਲੇ (ਵਿਜੀਟਰਸ) ਆਗਾਮੀ ਸਾਲਾਂ ਵਿੱਚ ਅਨੰਦ ਮਾਣ ਸਕਣਗੇ।"

- *ਪਾੱਲ ਵਿਸੇਂਟ* (Paul Vicente), *ਰੀਜਨਲ ਕਾਉਂਸਲਰ, ਵਾਰਡਸ 1 ਅਤੇ 5, ਚੇਅਰ, ਪਬਲਿਕ ਵਰਕਸ ਐਂਡ ਇੰਜੀਨੀਅਰਿੰਗ, ਸਿਟੀ ਆਫ ਬ੍ਰੈਂਪਟਨ*

"ਕੈਨੇਡਾ ਸਰਕਾਰ ਵੱਲੋਂ ਇਸ ਫੰਡਿੰਗ ਦੇ ਨਾਲ, ਸਿਟੀ ਆਫ ਬ੍ਰੈਂਪਟਨ ਨਾ ਸਿਰਫ਼, ਡਾਉਨਟਾਉਨ ਬ੍ਰੈਂਪਟਨ ਵਿੱਚ ਹੜ੍ਹ ਦੇ ਜੋਖਮ ਨੂੰ ਘਟਾਉਣ ਵਿੱਚ, ਬਲਕਿ ਸ਼ਹਿਰੀ ਵਾਧਾ ਅਤੇ ਵਿਕਾਸ ਪੈਦਾ ਕਰਨ ਅਤੇ ਖੇਤਰ ਵਿੱਚ ਨਿਵੇਸ਼ ਨੂੰ ਆਕਰਸ਼ਿਤ ਕਰਨ ਵਿੱਚ ਵੀ ਸਮਰੱਥ ਹੋਵੇਗੀ। ਪਰਿਵਰਤਨਕਾਰੀ ਰਿਵਰਵਾਕ ਪਹਿਲਕਦਮੀ ਨਾਲ ਅਸੀਂ ਅਜਿਹਾ ਡਾਉਨਟਾਉਨ ਬਣਾਉਣਾ ਜਾਰੀ ਰੱਖ ਸਕਾਂਗੇ, ਜੋ ਇੱਥੇ ਰਹਿਣ ਅਤੇ ਆਉਣ ਵਾਲੇ, ਸਾਰੇ ਲੋਕਾਂ ਵਾਸਤੇ ਸਥਿਰ, ਸਿਹਤਮੰਦ, ਲਚਕੀਲੀ ਅਤੇ ਅਨੰਦ ਮਾਨਣ ਵਾਲੀ ਥਾਂ ਹੋਵੇ।"

- *ਪੈਟ ਫੋਰਟਿਨੀ* (Pat Fortini), *ਰੀਜਨਲ ਕਾਉਂਸਲਰ, ਵਾਰਡਸ 7 ਅਤੇ 8, ਵਾਈਸ ਚੇਅਰ, ਪਬਲਿਕ ਵਰਕਸ ਐਂਡ ਇੰਜੀਨੀਅਰਿੰਗ, ਸਿਟੀ ਆਫ ਬ੍ਰੈਂਪਟਨ*

"ਰਿਵਰਵਾਕ, ਬ੍ਰੈਂਪਟਨ ਲਈ ਇੱਕ ਰੋਮਾਂਚਕ ਪਹਿਲਕਦਮੀ ਹੈ, ਜਿਸ ਉੱਤੇ ਸਿਟੀ ਦਾ ਸਟਾਫ਼, ਕਈ ਸਾਲਾਂ ਤੋਂ ਪੂਰੀ ਮਿਹਨਤ ਨਾਲ ਕੰਮ ਕਰ ਰਿਹਾ ਹੈ। ਇਸਨੂੰ ਅੱਗੇ ਵਧਦੇ ਹੋਏ ਅਤੇ ਸਫਲ ਹੁੰਦੇ ਹੋਏ ਦੇਖਣਾ ਬਹੁਤ ਰੋਮਾਂਚਕ ਹੈ। ਟਰਮ ਆਫ ਕਾਉਂਸਿਲ ਪ੍ਰਿਓਰਿਟੀਜ ਦੇ ਮੁਤਾਬਿਕ, ਰਿਵਰਵਾਕ ਇੱਕ ਪਰਿਵਰਤਨਕਾਰੀ ਪਹਿਲਕਦਮੀ ਹੈ, ਜੋ ਸੰਪੂਰਨ ਭਾਈਚਾਰੇ ਬਣਾਉਂਦੇ ਹੋਏ ਅਤੇ ਇਨੋਵੇਸ਼ਨ ਕੋਰੀਡੋਰ ਉੱਤੇ ਬ੍ਰੈਂਪਟਨ ਦੀ ਸਥਿਤੀ ਨੂੰ ਮਜ਼ਬੂਤ ਬਣਾਉਂਦੇ ਹੋਏ, ਡਾਉਨਟਾਉਨ ਬ੍ਰੈਂਪਟਨ ਦੇ ਪੁਨਰ-ਨਿਰਮਾਣ ਅਤੇ ਨਵੇਂ ਵਿਕਾਸਾਂ ਵਿੱਚ ਮਦਦ ਕਰੇਗੀ।"

- *ਡੇਵਿਡ ਬੈਰਿਕ* (David Barrick), *ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

"ਕੈਨੇਡਾ ਸਰਕਾਰ, ਮੌਸਮ ਸਬੰਧੀ ਗੰਭੀਰ ਘਟਨਾਵਾਂ ਅਤੇ ਬਦਲਦੀ ਜਲਵਾਯੂ ਨਾਲ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਦੇ ਜੋਖਮਾਂ ਨਾਲ ਬਿਹਤਰ ਢੰਗ ਨਾਲ ਨਿਪਟਣ ਵਿੱਚ, ਬ੍ਰੈਂਪਟਨ ਵਰਗੇ ਭਾਈਚਾਰਿਆਂ ਦੀ ਮਦਦ ਕਰ ਰਹੀ ਹੈ। ਇਹ ਮਹੱਤਵਪੂਰਣ ਪ੍ਰੋਜੈਕਟ, ਡਾਉਨਟਾਉਨ ਦੇ ਕੇਂਦਰ ਵਿੱਚ ਹੜ੍ਹ ਆਉਣ ਦੇ ਜੋਖਮ ਵਾਲੇ 31 ਹੈਕਟੇਅਰ ਖੇਤਰ ਵਿਚਲੇ, 3,665 ਲੋਕਾਂ ਦੇ ਲਚਕੀਲੇਪਣ ਵਿੱਚ ਸੁਧਾਰ ਕਰੇਗਾ। ਸਾਡੇ ਡਿਜਾਸਟਰ ਮਿਟੀਗੇਸ਼ਨ ਐਂਡ ਅਡਾਪਟੇਸ਼ਨ ਫੰਡ ਦੁਆਰਾ, ਅਸੀਂ ਬ੍ਰੈਂਪਟਨ ਵਿੱਚ ਹੜ੍ਹ ਦੀ ਰੋਕਥਾਮ ਵਿੱਚ ਮਦਦ ਕਰਨ ਲਈ, 38.8 ਮਿਲੀਅਨ ਡਾਲਰ ਤੋਂ ਵੱਧ ਦਾ ਨਿਵੇਸ਼ ਕਰ ਰਹੇ ਹਾਂ, ਜੋ ਨਿਵਾਸੀਆਂ, ਉਹਨਾਂ ਦੇ ਘਰਾਂ ਅਤੇ ਲੋਕਲ ਕਾਰੋਬਾਰਾਂ ਦੀ ਰੱਖਿਆ ਕਰੇਗਾ।"

- *ਸਨਮਾਨਯੋਗ ਕੈਥਰੀਨ ਮਕੈਨਾ* (Catherine McKenna), *ਮਿਨਿਸਟਰ ਆਫ ਇੰਫਰਾਸਟ੍ਰਕਚਰ ਐਂਡ ਕਮਿਉਨਿਟੀਜ*

"ਕੈਨੇਡਾ ਸਰਕਾਰ ਨੂੰ, ਡਾਉਨਟਾਉਨ ਬ੍ਰੈਂਪਟਨ ਫਲੱਡ ਪ੍ਰੋਟੈਕਸ਼ਨ ਪ੍ਰੋਜੈਕਟ ਦੁਆਰਾ, ਇੰਫਰਾਸਟ੍ਰਕਚਰ ਵਿੱਚ ਕੀਤੇ ਵਾਧਿਆਂ ਲਈ, ਸਿਟੀ ਆਫ ਬ੍ਰੈਂਪਟਨ ਦੇ ਨਾਲ ਭਾਈਵਾਲੀ ਕਰਨ ਤੇ ਮਾਣ ਹੈ। ਇਹ ਅੱਪਗ੍ਰੇਡ ਨਾ ਸਿਰਫ਼ ਸਾਡੇ ਨਿਵਾਸੀਆਂ ਅਤੇ ਕਾਰੋਬਾਰੀਆਂ ਦੀ ਰੱਖਿਆ ਕਰਨਗੇ, ਬਲਕਿ ਇਹ ਬ੍ਰੈਂਪਟਨ ਦੇ ਡਾਉਨਟਾਉਨ ਕੇਂਦਰ ਨੂੰ ਫਿਰ ਸ਼ਕਤੀਸ਼ਾਲੀ ਬਣਾਉਣ ਅਤੇ ਇਸ ਵਿੱਚ ਪਰਿਵਰਤਨ ਕਰਨ ਵਿੱਚ ਵੀ ਮਦਦ ਕਰਨਗੇ।"

- *ਸੋਨੀਆ ਸਿੱਧੂ* (Sonia Sidhu), *ਮੈਂਬਰ ਆਫ ਪਾਰਲੀਆਮੈਂਟ ਫਾਰ ਬ੍ਰੈਂਪਟਨ ਸਾਊਥ*

"ਟੋਰੋਂਟੋ ਐਂਡ ਰੀਜਨ ਕਨਜਰਵੇਸ਼ਨ ਅਥਾਰਿਟੀ ਨੂੰ, ਏਟੋਬੀਕੋ ਕ੍ਰੀਕ ਨੂੰ ਫਿਰ ਸ਼ਕਤੀਸ਼ਾਲੀ ਬਣਾਉਣ ਅਤੇ ਵਾਤਾਵਰਣ ਸਬੰਧੀ ਫਾਇਦੇ ਪ੍ਰਦਾਨ ਕਰਦੇ ਹੋਏ, ਡਾਉਨਟਾਉਨ ਕੇਂਦਰ ਵਿੱਚ ਹੜ੍ਹ ਦੇ ਜੋਖਮ ਨੂੰ ਘਟਾਉਣ ਲਈ, ਸਾਡੇ ਸਰਕਾਰੀ ਭਾਈਵਾਲਾਂ ਨਾਲ ਕੰਮ ਕਰਨਾ ਜਾਰੀ ਰੱਖਣ ਨਾਲ ਖੁਸ਼ੀ ਹੋ ਰਹੀ ਹੈ। ਡਾਉਨਟਾਉਨ ਬ੍ਰੈਂਪਟਨ ਫਲੱਡ ਪ੍ਰੋਟੈਕਸ਼ਨ ਪ੍ਰੋਜੈਕਟ ਨੂੰ ਅੱਗੇ ਵਧਾਉਣਾ, ਸਿਟੀ ਆਫ ਬ੍ਰੈਂਪਟਨ ਦੇ ਰਿਵਰਵਾਕ ਪ੍ਰੋਜੈਕਟ ਨੂੰ ਪੂਰਾ ਕਰਨ ਵੱਲ ਇੱਕ ਮਹੱਤਵਪੂਰਣ ਕਦਮ ਹੈ – ਜੋ ਸਿਟੀ ਅਤੇ ਇਸਦੇ ਨਿਵਾਸੀਆਂ ਲਈ ਪਰਿਵਰਤਨਕਾਰੀ ਮੌਕਾ ਹੈ।"

- *ਜੈਨਿਫਰ ਇਨਿਸ* (Jennifer Innis), *ਚੇਅਰ ਆਫ ਦ ਬੋਰਡ ਆਫ ਡਾਇਰੈਕਟਰਸ, ਟੋਰੋਂਟੋ ਐਂਡ ਰੀਜਨ ਕਨਜਰਵੇਸ਼ਨ ਅਥਾਰਿਟੀ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 |Monika.Duggal@brampton.ca